# ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ

ਨੇੜੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ਼-3ਬੀ-1, ਐਸ.ਏ.ਐਸ.ਨਗਰ।
(ਈ. ਮੇਲ- **recruitment@punjabeducation.gov.in**) (ਫੋਨ ਨੰ. **0172-3115378**)

---

ਮੀਮੋ ਨੰ: 5/2-2021 ਆਰ.ਡੀ.(2)/2024 33823 ਮਿਤੀ; ਐਸ.ਏ.ਐਸ.ਨਗਰ 05/02/2024

## ਪਬਲਿਕ ਨੋਟਿਸ

ਸਿੱਖਿਆ ਵਿਭਾਗ ਵਿੱਚ 6635 ਈ.ਟੀ.ਟੀ. ਅਧਿਆਪਕਾਂ ਦੀਆਂ ਅਸਾਮੀਆਂ ਦਾ ਮਿਤੀ 30.7.2021 ਅਤੇ ਜੇਲ ਵਿਭਾਗ ਦੀਆਂ 22 ਈ.ਟੀ.ਟੀ. ਅਧਿਆਪਕਾਂ ਦੀਆਂ ਅਸਾਮੀਆਂ ਦੀ ਭਰਤੀ ਦਾ ਵਿਗਿਆਪਨ ਮਿਤੀ 12.8.2021 ਨੂੰ ਦਿੱਤਾ ਗਿਆ ਸੀ। ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਵੱਖ-ਵੱਖ ਮਿਤੀਆਂ ਨੂੰ ਸਬੰਧਤ ਉਮੀਦਵਾਰਾਂ ਦਾ ਲਿਖਤੀ ਟੈਸਟ ਲੈਣ ਉਪਰੰਤ ਰਿਜਲਟ ਘੋਸ਼ਿਤ ਕਰਕੇ 6635 ਈ.ਟੀ.ਟੀ ਅਧਿਆਪਕਾਂ ਦੀਆਂ ਅਸਾਮੀਆਂ ਦੀ ਸਿਲੈਕਸ਼ਨ ਸੂਚੀ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਸਿਲੈਕਟ ਉਮੀਦਵਾਰਾਂ ਵੱਲੋਂ ਨਿਯੁਕਤੀ ਪੱਤਰ ਪ੍ਰਾਪਤ ਕਰਨ ਉਪਰੰਤ ਹਾਜਰੀ ਦੇ ਦਿੱਤੀ ਗਈ ਹੈ। ਹੁਣ ਜਿਨ੍ਹਾਂ ਉਮੀਦਵਾਰਾ ਵੱਲੋਂ ਉਕਤ ਦੋਵੇਂ ਭਰਤੀਆਂ ਵਿੱਚ ਅਪਲਾਈ ਕੀਤਾ ਸੀ, ਅਤੇ ਉਨ੍ਹਾ ਦੀ 6635 ਈ.ਟੀ.ਟੀ ਅਧਿਆਪਕਾਂ ਦੇ ਇਸ਼ਤਿਹਾਰ ਵਿਰੁੱਧ ਸਿਲੈਕਸ਼ਨ ਹੋਣ ਉਪਰੰਤ ਜੁਆਨਿੰਗ ਹੋ ਗਈ ਹੈ,ਉਨ੍ਹਾਂ ਵਿੱਚੋ ਉਹ ਉਮੀਦਵਾਰ ਜਿਹਨਾਂ ਵੱਲੋ ਜੇਲ੍ਹ ਵਿਭਾਗ ਦੀਆਂ ਅਸਾਮੀਆਂ ਲਈ ਵੀ ਅਪਲਾਈ ਕੀਤਾ ਗਿਆ ਸੀ,ਉਹ ਅਗਰ ਜੇਲ ਵਿਭਾਗ ਦੀ ਅਸਾਮੀ ਤੇ ਨਿਯੁਕਤੀ ਲੈਣਾ ਚਾਹੁੰਦੇ ਹਨ ਤਾਂ ਜੇਲ ਵਿਭਾਗ ਵਿੱਚ ਨਿਯੁਕਤੀ ਲੈਣ ਲਈ ਉਹ ਆਪਣਾ ਘੋਸ਼ਣਾਂ ਪੱਤਰ ਮਿਤੀ 07-02-2024 ਤੱਕ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਨੇੜੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ 3ਬੀ-1 ਐਸ.ਏ. ਐਸ ਨਗਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਜਮ੍ਹਾਂ ਕਰਵਾਉਣਗੇ। ਕਿਸੇ ਵੀ ਉਮੀਦਵਾਰ ਦਾ ਘੋਸ਼ਣਾ ਪੱਤਰ ਈ-ਮੇਲ/ਸਧਾਰਨ ਡਾਕ, ਰਜਿਸਟਰਡ ਡਾਕ ਜਾਂ ਕਿਸੇ ਸਾਧਨ ਰਾਂਹੀ ਪ੍ਰਵਾਨ ਨਹੀ ਕੀਤੇ ਜਾਣਗੇ ਉਕਤ ਮਿਤੀ ਤੋਂ ਬਾਅਦ ਡਾਇਰੈਕਟੋਰੇਟ ਵੱਲੋ ਇਸ ਸਬੰਧੀ ਕੋਈ ਪ੍ਰਤੀ ਬੇਨਤੀ ਵਿਚਾਰੀ ਨਹੀਂ ਜਾਵੇਗੀ।

05/02/24
ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ